ਅਖੌਤੀ ਦਸਮ ਗ੍ਰੰਥ ਦੀ ਅਸਲੀਅਤ ਤੋਂ ਸਿੱਖਾਂ ਨੂੰ ਜਾਣੂ ਕਰਵਾਉਣਾ ਸਮੇਂ ਦੀ ਮੁੱਖ ਲੋੜ

ਗੁਰਮੀਤ ਸਿੰਘ ਕਾਦੀਆਨੀ

ਦਸਮ ਗ੍ਰੰਥ ਦੀ ਇੱਕ ਵਿਵਾਦਿਤ ਰਚਨਾ "ਚਰਿਤਰੋ-ਪਖਿਆਨ (ਤ੍ਰਿਆ ਚਰਿਤਰ)" ਦੇ ਕੁੱਝ ਪ੍ਰਸੰਗਾਂ ਦੀ ਵਿਆਖਿਆ ਤੋਂ ਉਪਜੇ ਵਿਵਾਦ ਨੇ ਸਿੱਖ ਪੰਥ ਵਿੱਚ ਤੂਫਾਨ ਜਿਹਾ ਖੜਾ ਕਰ ਦਿੱਤਾ ਹੈ। ਇਸ ਵਿਆਖਿਆ ਵਾਲੀ ਸੀ.ਡੀ. ਨੂੰ ਕਥਿਤ ਰੂਪ ਵਿੱਚ ਹੇਰ-ਫੇਰ ਕਰਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲ ਸ਼ਿਕਾਇਤ ਕਰ ਦਿੱਤੀ ਗਈ ਹੈ। ਬਗੈਰ ਅਸਲੀਅਤ ਤੋਂ ਜਾਣੂ ਹੋਏ ਅਕਾਲ ਤਖਤ ਦੇ ਜਥੇਦਾਰ ਨੇ ਤੁਰੰਤ ਬਿਨਾਂ ਕਿਸੇ ਸੁਣਵਾਈ ਦੇ, ਇਹ ਵਿਆਖਿਆ ਕਰਨ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ.ਦਰਸ਼ਨ ਸਿੰਘ ਦੇ ਕੀਰਤਨ ਕਰਨ ਉਪਰ ਰੋਕ ਲਗਾ ਦਿੱਤੀ ਹੈ। ਹਮੇਸ਼ਾਂ ਖਬਰਾਂ ਵਿੱਚ ਰਹਿਣ ਦੇ ਚਾਹਵਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇੱਕਦਮ ਗੋਲੀਬਾਰੀ ਕਰਦੇ ਹੋਏ ਆਪਣੇ ਵਲੋਂ ਫਤਵਾ ਜਾਰੀ ਕਰ ਦਿੱਤਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਸਿੱਖ ਕਹਾਉਣ ਦਾ ਕੋਈ ਹੱਕ ਨਹੀਂ। ਇਸੇ ਤੜ੍ਹੀ ਵਿੱਚ ਰਹਿੰਦਿਆਂ ਮੱਕੜ ਨੇ ਆਪਣੇ ਚਹੇਤੇ ਫੈਡਰੇਸ਼ਨੀਆਂ ਕੋਲੋਂ ਸਿੰਘ ਸਾਹਿਬ ਦਾ ਪੁਤਲਾ ਵੀ ਸੜਵਾ ਦਿੱਤਾ। ਦਰਅਸਲ ਆਪਣੇ ਵਿਰੋਧ ਵਿੱਚ ਖੜੇ ਹੋਣ ਵਾਲੇ ਹਰ ਸਖਸ਼ ਨੂੰ ਅਕਾਲ ਤਖਤ ਦੇ ਨਾਮ ਉਪਰ ਬਲੈਕ-ਮੇਲ ਕਰਕੇ ਬੇਇਜਤ ਕਰਨਾ ਸਿਆਸਤਦਾਨਾਂ ਨੇ ਆਪਣਾ ਦਸਤੂਰ ਹੀ ਬਣਾ ਲਿਆ ਹੈ। ਉਲਟਾ, ਆਪ ਸੱਚੇ ਹੋਣ ਲਈ ਸਿੱਖ ਵਿਦਵਾਨਾਂ ਉਪਰ ਝੂਠੀਆਂ ਤੋਹਮਤਾਂ ਨਾਲ ਭਰੇ ਇਸ਼ਤਿਹਾਰ ਆਪਣੀਆਂ ਚਹੇਤੀਆਂ ਅਖਬਾਰਾਂ ਨੂੰ ਦੇ ਕੇ ਗੁਰਦੁਆਰਿਆਂ ਦੀ ਗੋਲਕ ਦੀ ਲਗਾਤਾਰ ਦੁਰਵਰਤੋਂ ਕੀਤੀ ਜਾ ਰਹੀ ਹੈ। ਸਿਆਸਤ ਦਾ ਅਖਾੜਾ ਬਣੇ ਅਕਾਲ ਤਖਤ ਸਾਹਿਬ ਦੇ ਤਨਖਾਹਦਾਰ ਜਥੇਦਾਰ ਦੀਆਂ ਸ਼ੱਕੀ ਕਾਰਵਾਈਆਂ ਅਤੇ ਪ੍ਰਧਾਨ ਮੱਕੜ ਦੀ ਸਿੱਖ ਵਿਰੋਧੀਆਂ ਏਜੰਸੀਆਂ ਅਤੇ ਡੇਰੇਦਾਰਾਂ ਦੀ ਸ਼ਹਿ ਉਪਰ ਕੀਤੀ ਜਾ ਰਹੀ ਬਿਆਨਬਾਜ਼ੀ ਨੇ ਸਿੱਖੀ ਦਾ ਜਲੂਸ ਹੀ ਕੱਢ ਕੇ ਰੱਖ ਦਿੱਤਾ ਹੈ।

ਇਸ ਵਿਵਾਦ ਦਾ ਬੜਾ ਖਤਰਨਾਕ ਪਹਿਲੂ ਇਹ ਸਾਹਮਣੇ ਆਇਆ ਹੈ ਕਿ ਆਮ ਸਿੱਖ ਜਗਤ ਨੂੰ ਦਸਮ ਪਾਤਸ਼ਾਹ ਦੇ ਨਾਮ ਨਾਲ ਜੋੜੇ ਜਾਂਦੇ ਇਸ ਦਸਮਗ੍ਰੰਥ ਦੇ ਵਿਵਾਦ ਬਾਰੇ ਜਿਆਦਾ ਜਾਣਕਾਰੀ ਨਹੀਂ ਹੈ। ਜਨ-ਸਧਾਰਣ ਸਿੱਖ ਨੇ ਤਾਂ ਇਸ ਗ੍ਰੰਥ ਨੂੰ ਦਸਮ ਪਾਤਸ਼ਾਹ ਨਾਲ ਜੋੜੇ ਜਾਣ ਕਰਕੇ ਹੀ ਆਪਣੀ ਸ਼ਰਧਾ ਬਣਾਈ ਹੋਈ ਹੈ। 90% ਸਿੱਖਾਂ ਨੂੰ ਇਸ ਗ੍ਰੰਥ ਵਿਚਲੀਆਂ ਰਚਨਾਵਾਂ ਬਾਰੇ ਕੋਈ ਜਾਣਕਾਰੀ ਨਹੀਂ। ਬਾਕੀ ਰਹਿੰਦੀ ਕਸਰ ਡੇਰੇਦਾਰਾਂ ਨੇ ਸਿੱਖਾਂ ਨੂੰ ਗੁਰਬਾਣੀ ਗਿਆਨ ਤੋਂ ਦੂਰ ਕਰਕੇ ਕੇਵਲ ਅੰਨੀ ਸ਼ਰਧਾ ਵਾਲੇ ਪਾਸੇ ਹੋੜ ਕੇ ਪੂਰੀ ਕਰ ਦਿੱਤੀ ਹੈ। ਬਹੁਤੇ ਸਿੱਖ ਚਾਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾ ਰਹੇ ਹੋਣ, ਜਾਂ ਇਸਦੇ ਬਰਾਬਰੀ ਤੇ ਪ੍ਰਕਾਸ਼ ਕੀਤੇ ਹੋਰ ਕਿਸੇ ਗ੍ਰੰਥ ਨੂੰ ਅਗਿਆਨਤਾ ਵੱਸ ਮੱਥਾ ਟੇਕ ਰਹੇ ਹੋਣ, ਉਹਨਾਂ ਕਦੇ ਵੀ ਗੁਰੂ ਦੇ ਦਰਸ਼ਨ ਕਰਨ ਦੀ ਤੜਪ ਨਹੀਂ ਦਿਖਾਈ। ਜਦਕਿ ਮੱਥਾ ਟੇਕਣ ਦਾ ਮੁੱਖ ਮੰਤਵ ਹੁਕਮ ਮੰਨਣਾ ਹੁੰਦਾ ਹੈ। ਸਧਾਰਣ ਸੰਗਤ ਨੂੰ ਰੁਮਾਲਾ ਚੁੱਕ ਕੇ ਹੀ ਦਰਸ਼ਨ ਕਰਾਉਣ ਵਾਲੇ ਇਹਨਾਂ ਸੰਪਰਦਾਈਆਂ ਅਤੇ ਡੇਰੇਦਾਰਾਂ ਦੇ ਪ੍ਰਚਾਰ ਦਾ ਮੁੱਖ ਮੰਤਵ ਵੀ ਸੰਗਤਾਂ ਨੂੰ ਗਿਆਨ ਪੱਖੋਂ ਕੋਰੇ ਰੱਖ ਕੇ ਆਪਣਾ ਹਲਵਾ ਮੰਡਾ ਚਲਾਉਣ ਤੱਕ ਹੀ ਸੀਮਤ ਰਿਹਾ ਹੈ।

ਪਰ ਸਿੰਘ ਸਭਾ ਲਹਿਰ ਅਤੇ ਸਿੱਖ ਮਿਸ਼ਨਰੀ ਪ੍ਰਚਾਰਕਾਂ ਵਲੋਂ ਕੌਮ ਵਿੱਚ ਲਿਆਂਦੀ ਜਾਗਰੂਕਤਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਸਮਝਦੇ, ਪਰਖਦੇ ਅਤੇ ਅਪਨਾਉਂਦੇ ਹੋਏ ਕੂੜ ਕਪਟ ਆਦਿਕ ਦੀ ਸੋਝੀ ਵੀ ਬਖਸ਼ੀ ਹੈ। ਕਿਉਂਕਿ ਸਿੱਖੀ ਦਾ ਆਧਾਰ ਗੁਰਬਾਣੀ ਹੈ, ਇਸ ਲਈ ਕੂੜ ਕਪਟ ਜਾਂ ਕੱਚੀਆਂ ਰਚਨਾਵਾਂ ਦੀ ਪਰਖ ਵੀ ਇਸੇ ਗੁਰਬਾਣੀ ਦੀ ਕਸਵੱਟੀ ਤੇ ਕੀਤੀ ਜਾਂਦੀ ਹੈ। ਇਸੇ

ਕਸਵੱਟੀ ਦੇ ਅਧਾਰ ਤੇ ਸਮੇਂ ਸਮੇਂ ਉਪਰ ਵੱਖ ਵੱਖ ਸਿੱਖ ਵਿਦਵਾਨਾਂ ਨੇ ਦਸਮ ਪਾਤਸ਼ਾਹ ਦੇ ਨਾਮ ਨਾਲ ਜੋੜ ਕੇ ਪ੍ਰਚਾਰੇ ਜਾਂਦੇ ਦਸਮ ਗ੍ਰੰਥ ਵਿਚਲੀਆਂ ਬਹੁਤੀਆਂ ਰਚਨਾਵਾਂ ਨੂੰ ਰੱਦ ਕੀਤਾ ਹੈ। ਸਦੀਵੀਂ ਆਤਮਿਕ ਅਨੰਦ ਦੇਣ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦੇ ਮੁਕਾਬਲੇ ਦਸਮਗ੍ਰੰਥ ਵਿਚਲੀ ਅਕਾਲ ਉਸਤਤਿ ਤੋਂ ਇਲਾਵਾ ਕੁੱਝ ਕੁ ਰਚਨਾਵਾਂ ਨੂੰ ਛੱਡ ਕੇ ਬਾਕੀ ਰਚਨਾਵਾਂ ਸਪੱਸ਼ਟ ਰੂਪ ਵਿਚ ਹਿੰਦੂ ਧਰਮ ਗ੍ਰੰਥਾਂ ਦਾ ਉਲੱਥਾ ਹੀ ਹਨ। ਇਹੋ ਜਿਹੀਆਂ ਰਚਨਾਵਾਂ ਦੇ ਆਧਾਰ ਤੇ ਹੀ ਬੀਤੇ 5 ਦਸੰਬਰ ਵਾਲੇ ਲੁਧਿਆਣਾ ਕਾਂਡ ਤੋਂ ਬਾਦ ਪਾਖੰਡੀ ਆਸ਼ੂਤੋਸ਼ ਨੇ ਹਿੰਦੁਸਤਾਨ ਟਾਈਮਜ਼ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਸਿੱਖ ਕਿਵੇਂ ਕਹਿੰਦੇ ਹਨ, ਕਿ ਉਹ ਹਿੰਦੂ ਨਹੀਂ, ਜਦਕਿ ਉਹਨਾਂ ਦੇ ਦਸਮਗ੍ਰੰਥ ਵਿੱਚ ਸਪੱਸ਼ਟ ਤੌਰ ਤੇ ਲਿਖਿਆ ਹੋਇਆ ਹੈ ਕਿ ਸਿੱਖ ਹਿੰਦੂਆਂ ਦੀ ਹੀ ਸੰਤਾਨ ਹਨ। ਸ਼ਾਇਦ ਬਹੁਤੇ ਸਿੱਖਾਂ ਨੂੰ ਅਜੇ ਵੀ ਨਹੀਂ ਪਤਾ ਕਿ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪੂਰਨ ਸਿੰਘ ਨੇ ਇਸੇ ਗ੍ਰੰਥ ਵਿਚਲੀ"ਬਚਿਤਰ ਨਾਟਕ" ਰਚਨਾ ਦੇ ਅਧਾਰ ਤੇ ਇਹ ਕਿਹਾ ਸੀ ਕਿ ਸਿੱਖ ਲਵ-ਕੁਸ਼ ਦੀ ਔਲਾਦ ਹਨ। ਲਵ-ਕੁਸ਼ ਨਾਲ ਜੋੜੇ ਜਾਣ ਤੇ ਭੜਕ ਪੈਣ ਵਾਲੇ ਭੋਲੇ ਸਿੱਖਾਂ ਵਿਚੋਂ ਬਹੁਤਿਆਂ ਨੂੰ ਇਹ ਵੀ ਨਹੀਂ ਪਤਾ ਕਿ ਪੂਰਨ ਸਿੰਘ ਵਲੋਂ ਪ੍ਰਚਾਰੀ ਗਈ ਇਹ ਗੱਲ ਬਚਿਤਰ ਨਾਟਕ ਤੇ ਹੀ ਅਧਾਰਿਤ ਸੀ। ਭੋਲੇ ਸਿੱਖ ਨਹੀਂ ਜਾਣਦੇ ਕਿ ਇੱਕ ਅਕਾਲਪੁਰਖ ਦੀ ਪੂਜਾ ਤੋਂ ਵਰਜ ਕੇ ਸ਼ਸਤਰਾਂ ਦੀ ਗੁਲਾਮੀ ਵੱਲ ਧੱਕਣ ਲਈ ਵੀ ਇਸੇ ਗ੍ਰੰਥ ਵਿਚਲੀਆਂ ਰਚਨਾਵਾਂ ਹੀ ਜਿੰਮੇਵਾਰ ਹਨ। ਹੋਰ ਤਾਂ ਹੋਰ, ਭੋਲੇ ਸਿੱਖ ਤਾਂ ਇਹ ਵੀ ਨਹੀਂ ਜਾਣਦੇ ਕਿ **1428** ਸਫਿਆਂ ਵਾਲੇ ਇਸ ਗ੍ਰੰਥ ਵਿੱਚ **809** ਤੋਂ **1388** ਤੱਕ ਦੇ ਸਫਿਆਂ ਉਪਰ ਅਜਿਹੀ ਕਾਮ-ਉਤੇਜਕ, ਅਸ਼ਲੀਲ ਰਚਨਾ ਮੌਜੂਦ ਹੈ, ਜਿਸਨੂੰ ਕੋਈ ਸਭਿਆ ਪੁਰਖ ਸੰਗਤ ਵਿੱਚ ਤਾਂ ਕੀ, ਆਪਣੇ ਪਰਿਵਾਰ ਦੇ ਮੈਂਬਰਾਂ ਸਾਹਮਣੇ ਵੀ ਪੜ੍ਹਣ ਦੀ ਹਿੰਮਤ ਨਹੀਂ ਕਰ ਸਕਦਾ। ਇਥੋਂ ਤਕ ਕਿ ਖੁਦ ਪੜ੍ਹਣ ਲੱਗਿਆਂ ਵੀ ਸ਼ਰਮ ਆਉਂਦੀ ਹੈ। ਇਹਨਾਂ ਅਸ਼ਲੀਲ ਰਚਨਾਵਾਂ ਪ੍ਰਤੀ ਸਾਡੀ ਅਗਿਆਨਤਾ ਕਰਕੇ ਹੀ ਸਾਡੇ ਕੋਲੋਂ ਐਸੇ ਗ੍ਰੰਥ ਨੂੰ ਮੱਥੇ ਟਿਕਾਏ ਜਾ ਰਹੇ ਹਨ। ਇਹ ਉਹਨਾਂ ਅਨਸਰਾਂ ਦੀ ਬੇਸ਼ਰਮੀ ਦੀ ਹੱਦ ਕਹਿ ਲਵੋ ਜਾਂ ਸਾਡੀ ਮਾਨਸਿਕ ਕਮਜ਼ੋਰੀ ਕਹਿ ਲਵੋ, ਕਿ ਐਸੇ ਗ੍ਰੰਥ ਨੂੰ ਸਰਬਕਲਾ ਭਰਪੂਰ ਜਾਗਦੀ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਕੇ ਸਾਨੂੰ ਵੰਗਾਰਿਆ ਜਾ ਰਿਹਾ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਜੀ ਨੇ ਹਜੂਰ ਸਾਹਿਬ ਵਿਖੇ ਠੀਕ ਹੀ ਇਹ ਸਵਾਲ ਸੰਗਤਾਂ ਅਤੇ ਉਥੋਂ ਦੇ ਪ੍ਰਬੰਧਕਾਂ ਸਨਮੁੱਖ ਕੀਤਾ ਸੀ ਕਿ ਕੋਈ ਸਾਨੂੰ ਇਹ ਤਾਂ ਸਮਝਾਏ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਣ ਵਕਤ ਕੀ ਕਿਸੇ ਹੋਰ ਕਿਸੇ ਗ੍ਰੰਥ ਨੂੰ ਵੀ ਗੁਰਿਆਈ ਬਖਸ਼ੀ ਸੀ। ਜੇ ਨਹੀਂ, ਤਾਂ ਅਸੀਂ ਕਿਸ ਆਥਾਰਿਟੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰੀਕ ਪੈਦਾ ਕਰ ਰਹੇ ਹਾਂ। ਉਹਨਾਂ ਦੀ ਇਸ ਸਚਾਈ ਦਾ ਸਾਹਮਣਾ ਪ੍ਰਬੰਧਕਾਂ ਨੇ ਤਾਂ ਕੀ ਕਰਨਾ ਸੀ, ਉਲਟਾ ਉਹਨਾਂ ਨੂੰ ਕੀਰਤਨ ਕਰਦਿਆਂ ਅਜਿਹੀ ਵੀਚਾਰ ਸੰਗਤਾਂ ਸਾਹਮਣੇ ਕਰਨ ਤੋਂ ਹੀ ਵਰਜ ਦਿੱਤਾ ਗਿਆ। ਕਿਉਂਕਿ ਸੱਚ ਹਮੇਸ਼ਾਂ ਕੌੜਾ ਹੁੰਦਾ ਹੈ।

ਹੁਣ ਇਹ ਫੈਸਲਾ ਸੰਗਤ ਨੇ ਹੀ ਕਰਨਾ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਨਾਲ ਜਿਸ ਗ੍ਰੰਥ ਨੂੰ ਮੱਥਾ ਟਿਕਵਾਇਆ ਜਾ ਰਿਹਾ ਹੈ, ਕੀ ਉਹ ਗੁਰਮਤਿ ਦੀ ਕਸਵੱਟੀ ਉਪਰ ਖਰਾ ਉਤਰਦਾ ਹੈ? ਉਸ ਅੰਦਰ ਕੋਈ ਐਸੀ ਰਚਨਾ ਤਾਂ ਨਹੀਂ, ਜੋ 'ਕੱਚੀ ਬਾਣੀ' ਦਾ ਦਰਜਾ ਰੱਖਦੀ ਹੋਵੇ ਜਾਂ ਗੁਰਮਤਿ ਤੋਂ ਉਲਟ ਕਰਮ ਕਰਨ ਵੱਲ ਉਤਸ਼ਾਹਤ ਕਰਦੀ ਹੋਵੇ? ਕੀ ਇਸ ਗ੍ਰੰਥ ਵਿਚਲੀ ਰਚਨਾ ਨੂੰ ਪਰਿਵਾਰ ਵਿੱਚ ਬੈਠ ਕੇ ਸੁਣਿਆ ਜਾ ਸਕਦਾ ਹੈ? ਸਿੱਧਾ ਜਵਾਬ ਹੈ ਕਿ ਕੋਈ ਵੀ ਸਭਿਅਕ ਪੁਰਸ਼ ਅਜਿਹੀ ਰਚਨਾ ਨੂੰ ਸੰਗਤੀ ਤੌਰ ਤੇ ਕਦੇ ਵੀ ਨਹੀਂ ਪੜ੍ਹ ਸਕਦਾ। ਪਿਛਲੇ ਦਿਨੀਂ ਇੱਕ ਦਸਮਗ੍ਰੰਥ ਦੀ ਪੂਜਾ ਕਰਨ ਵਾਲੇ ਅਨੋਖ ਸਿੰਘ ਨਾਮੀ ਇੱਕ ਅਗਿਆਨੀ ਨੇ ਬੰਗਲਾ ਸਾਹਿਬ ਗੁਰਦੁਆਰੇ ਇਸ ਅਸ਼ਲੀਲ ਰਚਨਾ ਦੀ ਕਥਾ ਕਰਨ ਬਾਰੇ ਦਮਗਜਾ ਮਾਰਿਆ ਸੀ, ਪਰ ਪ੍ਰਧਾਨ ਸ.ਪਰਮਜੀਤ ਸਿੰਘ ਸਰਨਾ ਵਲੋਂ ਉਸਦਾ ਚੈਲੈਂਜ ਕਬੂਲ ਕੇ ਉਸਨੂੰ ਭਰੀ ਸੰਗਤ ਵਿਚ ਅਜਿਹੀ ਕਥਾ ਕਰਨ ਦਾ ਸੱਦਾ ਦੇ ਦਿੱਤਾ ਤਾਂ ਇਸਦੀ ਬੋਲਤੀ ਬੰਦ ਹੋ ਗਈ।

ਇਸ ਵੇਲੇ ਮੁੱਖ ਮੁੱਦਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦਾ ਹੈ, ਜਿਹਨਾਂ ਦੇ ਬਰਾਬਰ ਇਸ ਦਸਮਗ੍ਰੰਥ ਨੂੰ ਜਾਣਬੁੱਝ ਕੇ ਪ੍ਰਕਾਸ਼ਿਆ ਜਾ ਰਿਹਾ ਹੈ। ਸੱਚ ਦੀ ਅਵਾਜ ਬੁਲੰਦ ਕਰਨ ਵਾਲੇ ਪ੍ਰੋ.ਦਰਸ਼ਨ ਸਿੰਘ ਨੇ ਤਾਂ ਕੇਵਲ ਇਹੀ ਕਿਹਾ ਹੈ ਕਿ ਦਸਮ ਪਾਤਸ਼ਾਹ ਦੇ ਨਾਮ ਨਾਲ ਜੋੜੀਆਂ ਜਾਂਦੀਆਂ ਇਹ ਰਚਨਾਵਾਂ ਮੇਰੇ ਸਤਿਗੁਰ ਦੀਆਂ ਹਰਗਿਜ ਨਹੀਂ ਹੋ ਸਕਦੀਆਂ। ਜਿਸ ਤਰ੍ਹਾਂ ਦਾ ਸਰੂਪ ਪਾਤਸ਼ਾਹ ਦਾ ਇਸ ਗ੍ਰੰਥ ਵਿਚ ਚਿਤਰਿਆ ਗਿਆ ਹੈ, ਮੇਰਾ ਸਤਿਗੁਰੂ ਅਜਿਹਾ ਕਦੇ ਨਹੀਂ ਕਰ ਸਕਦਾ। ਕਾਮਾਦਿਕ ਵਿਸ਼ਿਆਂ ਵਿਕਾਰਾਂ ਅਤੇ ਨਸ਼ਿਆਂ ਦੇ ਸੇਵਨ ਤੋਂ ਬਚਾਉਣ ਵਾਲੀ ਅਤੇ ਉੱਚੀ ਸੁੱਚੀ ਜੀਵਨ ਜਾਚ ਸਿਖਾਉਣ ਵਾਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਨਾਲ ਇਸ ਤੋਂ ਬਿਲਕੁੱਲ ਉਲਟ ਭਾਵਨਾ ਵਾਲੀਆਂ ਰਚਨਾਵਾਂ ਨੂੰ ਰੱਖ ਕੇ ਸਾਡੇ ਜਥੇਦਾਰ ਪਤਾ ਨਹੀਂ ਕੀ ਸੰਦੇਸ਼ ਦੇਣਾ ਚਾਹੁੰਦੇ ਹਨ। ਪੰਥ ਦੋਖੀਆਂ ਦੇ ਹੱਥਾਂ ਵਿਚ ਖੇਡ ਰਹੇ ਇਹਨਾਂ ਜਥੇਦਾਰਾਂ ਨੇ ਅਕਿਰਤ੍ਘਣਤਾ ਦਾ ਸਬੂਤ ਦਿੰਦਿਆਂ ਪੰਥ ਪ੍ਰਸਤਾਂ ਨੂੰ ਹੀ ਫਾਹੇ ਟੰਗਣ ਲਈ ਕਮਰਕੱਸਾ ਕੀਤਾ ਹੈ। ਇਸੇ ਆੜ ਵਿੱਚ ਇਹਨਾਂ ਜਥੇਦਾਰਾਂ ਨੇ ਪ੍ਰੋ.ਦਰਸ਼ਨ ਸਿੰਘ ਲਈ ਹੰਕਾਰੀ ਅਕਿਰਤਘਣ ਵਰਗੇ ਸ਼ਬਦ ਵੀ ਵਰਤਣ ਤੋਂ ਸੰਕੋਚ ਨਹੀਂ ਕੀਤਾ। ਕੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਖਤ ਉਪਰ ਬੈਠਣ ਵਾਲੇ ਇਹਨਾਂ ਜਥੇਦਾਰਾਂ ਨੂੰ ਗੁਰੂ ਦਾ ਕੋਈ ਭੈ ਨਹੀਂ ਰਿਹਾ?
ਇਹ ਤਾਂ ਪ੍ਰੋ.ਦਰਸ਼ਨ ਸਿੰਘ ਜੀ ਵਰਗੀ ਸਖਸ਼ੀਅਤ ਦਾ ਹੀ ਕਮਾਲ ਸੀ, ਜਿਹਨਾਂ ਦੇ ਉਦਮ ਸਦਕਾ, ਆਪਰੇਸ਼ਨ ਬਲਿਊ ਸਟਾਰ ਬਾਰੇ ਝੂਠ ਬੋਲ ਬੋਲ ਕੇ ਸਿੱਖ ਕੌਮ ਵਿੱਚ ਆਪਣਾ ਵਕਾਰ ਗਵਾ ਚੁੱਕੇ ਇਹਨਾਂ ਅਖੌਤੀ ਜਥੇਦਾਰਾਂ ਦੀ ਪੱਦਵੀ ਦੀ ਇੱਜਤ ਮੁੜ ਸਿੱਖ ਪੰਥ ਵਿੱਚ ਬਹਾਲ ਹੋਈ ਸੀ। ਆਪਣੇ ਸੰਖੇਪ ਪਰ ਪ੍ਰਭਾਵਸ਼ਾਲੀ ਕਾਰਜਕਾਲ ਦੌਰਾਨ ਪ੍ਰੋ.ਦਰਸ਼ਨ ਸਿੰਘ ਜੀ ਨੇ ਅੱਤਵਾਦ ਦੇ ਸਾਏ ਹੇਠ ਸਿੱਖੀ ਦੇ ਹੋ ਰਹੇ ਘਾਣ ਨੂੰ ਰੋਕਣ ਲਈ ਜਿਹੜੇ ਸਕਾਰਥ ਯਤਨ ਕੀਤੇ, ਉਹਨਾਂ ਨੂੰ ਸਿੱਖ ਪੰਥ ਕਿਵੇਂ ਭੁੱਲ ਸਕਦਾ ਹੈ। ਇਹੀ ਨਹੀਂ, ਆਪਰੇਸ਼ਨ ਬਲਿਊ ਸਟਾਰ ਦੇ ਘੱਲੂਘਾਰੇ ਉਪਰੰਤ ਦਬੀ ਹੋਈ ਸਿੱਖ ਆਵਾਜ ਨੂੰ ਆਪਣੇ ਪ੍ਰਭਾਵਸ਼ਾਲੀ ਲੈਕਚਰਾਂ ਰਾਹੀਂ ਨਵੀਂ ਰੂਹ ਬਖਸ਼ੀ ਸੀ। ਕੀ ਅੱਜ ਅਕਾਲ ਤਖਤ ਉਪਰ ਆਪਣੀ ਹਕੂਮਤ ਚਲਾਉਣ ਵਾਲੇ ਜਥੇਦਾਰਾਂ ਵਿੱਚ ਪ੍ਰੋ.ਦਰਸ਼ਨ ਸਿੰਘ ਦੀਆਂ ਦਲੀਲਾਂ ਦਾ ਕੋਈ ਜਵਾਬ ਹੈ?? ਯੋਗਮੱਤੀਆਂ ਦਾ ਪ੍ਰਚਾਰ ਕਰਦੇ ਕਰਦੇ ਪਟਨੇ ਵਾਲੇ ਤਖਤ ਸਾਹਿਬ ਦਾ ਜਥੇਦਾਰ ਬਣੇ ਇਕਬਾਲ ਸਿੰਘ ਦੀ ਦਲੀਲ ਵੱਲ ਜਰਾ ਝਾਤ ਮਾਰੋ - "ਜਿਸ ਤਰ੍ਹਾਂ ਤੁਸੀਂ ਅਕਾਲ ਤਖਤ ਉਪਰ ਦਸਮ ਗ੍ਰੰਥ ਦਾ ਪ੍ਰਕਾਸ਼ ਨਹੀਂ ਕਰਦੇ, ਇਸ ਤਰ੍ਹਾਂ ਅਸੀਂ ਵੀ ਤਖਤ ਪਟਨਾ ਸਾਹਿਬ ਤੋਂ ਦਸਮ ਗ੍ਰੰਥ ਦਾ ਪ੍ਰਕਾਸ਼ ਨਹੀਂ ਹਟਾ ਸਕਦੇ"। ਕੋਈ ਦਲੀਲ ਨਹੀਂ। ਕੋਈ ਵਿਚਾਰ ਨਹੀਂ। ਬੱਸ ਲੱਠਮਾਰਾਂ ਵਾਂਗੂੰ 'ਮੈਂ ਨਾ ਮਾਨੂੰ' ਦੀ ਧੁਨ ਅਲਾਪੀ ਜਾਣੀ, ਇਹੀ ਸਿੱਖੀ ਇਹਨਾਂ ਦੇ ਪੱਲੇ ਬਾਕੀ ਰਹਿ ਗਈ ਹੈ। ਕਦੇ ਕਦੇ ਤਾਂ ਕੌਮ ਦੀ ਅਜਿਹੀ ਹਾਲਤ ਦੇਖ ਕੇ ਰੋਣਹਾਕੇ ਹੋ ਜਾਈਦਾ ਹੈ।

ਇਹਨਾਂ ਸਰਕਾਰੀ ਜਥੇਦਾਰਾਂ ਨੇ ਜਦੋਂ ਇਹ ਵੇਖਿਆ ਕਿ ਉਹਨਾਂ ਵਲੋਂ ਜਾਰੀ ਕੀਤੇ ਆਦੇਸ਼ਾਂ ਨੂੰ ਕੋਈ ਨਹੀਂ ਮੰਨ ਰਿਹਾ, ਬਲਕਿ ਸੰਗਤਾਂ ਪੂਰੇ ਉਤਸਾਹ ਨਾਲ ਸਿੰਘ ਸਾਹਿਬ ਕੋਲੋਂ ਕੀਰਤਨ ਕਰਵਾ ਕੇ ਤੱਤ ਗੁਰਮਤਿ ਤੋਂ ਜਾਣੂ ਹੋ ਰਹੀਆਂ ਹਨ। ਤਾਂ ਇਹਨਾਂ ਨੇ ਸਭ ਤੋਂ ਪਹਿਲਾਂ ਆਪਣੇ ਸਰਕਾਰੀ ਆਕਿਆਂ ਕੋਲੋਂ ਪ੍ਰੋ. ਸਾਹਿਬ ਦੇ ਪ੍ਰੋਗਰਾਮ ਤੇ ਪਾਬੰਦੀਆਂ ਲਵਾਉਣ ਦਾ ਯਤਨ ਕੀਤਾ। ਏਨਾ ਕੁੱਝ ਕਰਨ ਤੇ ਵੀ ਪ੍ਰੋ. ਸਾਹਿਬ ਦੇ ਪ੍ਰੋਗਰਾਮਾਂ ਨੂੰ ਨਿਰਵਿਘਨ ਹੁੰਦੇ ਵੇਖਦਿਆਂ ਇਹਨਾਂ ਨੇ ਆਪਣੇ ਆਖਰੀ ਹਥਿਆਰ ਵਜੋਂ ਆਪਣੀ ਗੁੰਡਾ ਫੌਜ ਨੂੰ ਇਹਨਾਂ ਪ੍ਰੋਗਰਾਮਾਂ ਵਿੱਚ ਵਿਘਨ ਪਾਉਣ ਦਾ ਜਿੰਮਾ ਸੌਂਪ ਦਿੱਤਾ ਹੈ। ਆਸਨਸੋਲ ਦੀ ਘਟਨਾ ਇਸੇ ਗੁੰਡਾ-ਗਰਦੀ ਦੀ ਤਾਜ਼ਾ ਮਿਸਾਲ ਹੈ। ਪ੍ਰੋ.ਸਾਹਿਬ ਦੇ ਦੱਸਣ ਅਨੁਸਾਰ ਇਹਨਾਂ ਦੇ ਰਾਏਪੁਰ (ਮੱਧ ਪ੍ਰਦੇਸ਼) ਵਿਚਲੇ ਆਗਾਮੀ ਪ੍ਰੋਗਰਾਮ ਬਾਰੇ ਵੀ ਮੱਕੜ ਨੇ ਉਥੋਂ ਦੇ ਪ੍ਰਬੰਧਕਾਂ ਨੂੰ ਅਜਿਹਾ ਪ੍ਰੋਗਰਾਮ ਨਾ ਕਰਨ ਦੀ ਧਮਕੀ ਦਿੱਤੀ ਹੈ। ਪਰ ਪ੍ਰਬੰਧਕਾਂ ਵਲੋਂ ਆਪਣੇ ਪ੍ਰੋਗਰਾਮ ਤੇ ਅੜੇ ਰਹਿਣ ਤੇ ਉਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਜਾ ਰਹੇ ਸ਼੍ਰੀ ਦਰਬਾਰ ਸਾਹਿਬ ਦੇ ਪੰਜ ਹਜ਼ੂਰੀ ਰਾਗੀ ਜਥਿਆਂ ਨੂੰ ਵੀ ਰੋਕ ਲਿਆ ਗਿਆ ਹੈ। ਏਨਾ ਹੀ

ਨਹੀਂ, ਮੱਕੜ ਵਲੋਂ ਖ਼ੁੱਦ ਉਥੋਂ ਦੇ ਪ੍ਰਬੰਧਕਾਂ ਨੂੰ ਫੋਨ ਉਪਰ ਗਾਲਾਂ ਦੀ ਝੜੀ ਲਗਾਈ ਗਈ ਹੈ। ਬੇਸ਼ਰਮੀ ਦੀ ਵੀ ਆਖਰ ਕੋਈ ਹੱਦ ਹੁੰਦੀ ਹੈ।

ਪਾਵਨ ਗੁਰਧਾਮਾਂ ਉਪਰ ਕਬਜ਼ਾ ਕਰੀ ਬੈਠੇ ਇਹਨਾਂ ਸਿਆਸੀ ਲੋਕਾਂ ਦੀਆਂ ਕਲਾਬਾਜ਼ੀਆਂ ਸਦਕਾ, ਅੱਜ ਸਿੱਖ ਪ੍ਰਚਾਰਕਾਂ ਨੂੰ ਗੁਰਮਤਿ ਦਾ ਪ੍ਰਚਾਰ ਕਰਨ ਤੋਂ ਜਿਸ ਤਰੀਕੇ ਨਾਲ ਰੋਕਿਆ ਜਾ ਰਿਹਾ ਹੈ, ਉਸਤੋਂ ਸਿੱਖੀ ਦੇ ਭਵਿੱਖ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅੱਜ ਲੋੜ ਹੈ, ਸਾਰੀਆਂ ਪੰਥ ਪ੍ਰਸਤ ਜਥੇਬੰਦੀਆਂ ਦੇ ਇੱਕ ਮੰਚ ਤੇ ਇਕੱਠੇ ਹੋ ਕੇ ਤੱਤ ਗੁਰਮਤਿ ਦੀ ਆਵਾਜ਼ ਨੂੰ ਨਵੇਂ ਜੋਸ਼ ਨਾਲ ਬੁਲੰਦ ਕਰਨ ਦੀ। ਇਸ ਦੇ ਲਈ ਸਾਨੂੰ ਆਪੋ-ਆਪਣੀਆਂ ਜਥੇਬੰਦੀਆਂ ਅਤੇ ਧੜੇਬੰਦੀਆਂ ਤੋਂ ਉਪਰ ਉੱਠ ਕੇ ਚਲਣਾ ਹੋਵੇਗਾ। ਨਹੀਂ ਤਾਂ ਇਤਿਹਾਸ ਸਾਨੂੰ ਕਦੇ ਵੀ ਮਾਫ ਨਹੀਂ ਕਰੇਗਾ। ਇਸ ਦੇ ਜਿੰਮੇਵਾਰ ਅਸੀਂ ਖ਼ੁੱਦ ਹੋਵਾਂਗੇ।